# ਮੁਹਾਵਰੇ

1. **ਪਾਜ ਖੁੱਲ੍ਹ ਜਾਣਾ (ਭੇਦ ਖੁੱਲ੍ਹ ਜਾਣਾ)–** ਸਿਮਰਨ ਦੇ ਝੂਠ ਦਾ ਜਦੋਂ ਪਾਜ ਖੁੱਲ੍ਹਾ ਤਾਂ ਉਸ ਨੇ ਸ਼ਰਮ ਦੇ ਮਾਰਿਆਂ ਘਰ ਤੋਂ ਬਾਹਰ ਨਿਕਲਣਾ ਹੀ ਬੰਦ ਕਰ ਦਿੱਤਾ ।
2. **ਪਾਪੜ ਵੇਲਣਾ (ਕਿਸੇ ਕੰਮ ਨੂੰ ਕਰਨ ਲਈ ਬਹੁਤ ਯਤਨ ਕਰਨੇ)–** ਸੁਖਦੀਪ ਨੇ ਨੌਕਰੀ ਪ੍ਰਾਪਤ ਕਰਨ ਲਈ ਬਹੁਤ ਪਾਪੜ ਵੇਲੇ ਤਾਂ ਕਿਤੇ ਜਾ ਕੇ ਉਸ ਨੂੰ ਨੌਕਰੀ ਮਿਲੀ।
3. **ਪੁੱਠੀਆਂ ਛਾਲਾਂ ਮਾਰਨੀਆਂ (ਬਹੁਤ ਖ਼ੁਸ਼ ਹੋਣਾ)–** ਰਿੰਪਜੀਤ ਨੂੰ ਜਦੋਂ ਆਪਣੇ ਦਸਵੀਂ ਵਿੱਚੋਂ ਪਾਸ ਹੋਣ ਦਾ ਪਤਾ ਲੱਗਾ ਤਾਂ ਉਹ ਪੁੱਠੀਆਂ ਛਾਲਾਂ ਮਾਰਦਾ ਫਿਰਦਾ ਸੀ।
4. **ਪੈਰਾਂ ਹੇਠੋਂ ਜ਼ਮੀਨ ਖਿਸਕਣਾ (ਘਬਰਾ ਜਾਣਾ)–** ਜਦੋਂ ਗੁਰਜੀਤ ਦੀ ਮਾਤਾ ਨੂੰ ਆਪਣੇ ਪੁੱਤਰ ਦੇ ਨਸ਼ਾ ਵੇਚਣ ਬਾਰੇ ਪਤਾ ਲੱਗਾ ਤਾਂ ਉਸ ਦੇ ਪੈਰਾਂ ਹੇਠੋਂ ਜਮੀਨ ਖਿਸਕ ਗਈ।
5. **ਫਿੱਕਾ ਪੈਣਾ (ਸ਼ਰਮਿੰਦਾ ਹੋਣਾ)–** ਬਲਜੀਤ ਸਿੰਘ ਆਪਣੇ ਪੁੱਤਰ ਦੇ ਚੰਗੇ ਹੋਣ ਦੀਆਂ ਗਵਾਹੀਆਂ ਦਿੰਦਾ ਸੀ ਪਰ ਜਦੋਂ ਭਰੀ ਪੰਚਾਇਤ ਵਿੱਚ ਪੁੱਤਰ ਦੀ ਚੋਰੀ ਸਾਬਤ ਹੋਈ ਤਾਂ ਉਹ ਭਰੀ ਪੰਚਾਇਤ ਵਿੱਚ ਆਪਣੇ ਪੁੱਤਰ ਕਰਕੇ ਫਿੱਕਾ ਪੈ ਗਿਆ।
6. **ਫੁੱਟੀ ਅੱਖ ਨਾ ਭਾਉਣਾ (ਬਿੱਲਕੁੱਲ ਚੰਗਾ ਨਾ ਲੱਗਣਾ)–** ਕਿਸਾਨ ਵਿਰੋਧੀ ਕਾਨੂੰਨ ਬਣਾਉਣ ਕਰਕੇ ਮੌਜੂਦਾ ਕੇਂਦਰ ਸਰਕਾਰ ਕਿਸਾਨਾਂ ਨੂੰ ਫੁੱਟੀ ਅੱਖ ਨਹੀਂ ਭਾਉਂਦੀ।
7. **ਫੁੱਲੇ ਨਾ ਸਮਾਉਣਾ (ਬਹੁਤ ਖ਼ੁਸ਼ ਹੋਣਾ)–** ਜਦੋਂ ਦੀ ਰਵਨੀਤ ਬਾਹਰਲੇ ਦੇਸ ਗਈ ਹੈ। ਉਸ ਦੇ ਮਾਤਾ-ਪਿਤਾ ਫੁੱਲੇ ਨਹੀਂ ਸਮਾ ਰਹੇ ਸਨ।
8. **ਬਾਹ ਭੱਜਣੀ (ਆਸਰਾ ਟੁੱਟ ਜਾਣਾ)–** ਔਖੇ ਵੇਲ਼ੇ ਮਨੁੱਖ ਉਦੋਂ ਹਾਰਦਾ ਹੈ ਜਦੋਂ ਆਪਣੀਆਂ ਹੀ ਬਾਹਾਂ ਭੱਜ ਜਾਦੀਆਂ ਹਨ।
9. **ਬੁੱਕਲ ਵਿੱਚ ਮੂੰਹ ਦੇਣਾ (ਸ਼ਰਮਿੰਦਾ ਹੋਣਾ)–** ਕਰਨੈਲ ਪਿੰਡ ਦਾ ਸਰਪੰਚ ਸੀ। ਸਾਰੇ ਪਿੰਡ ਵਿੱਚ ਉਸ ਦੀ ਬੱਲੇ-ਬੱਲੇ ਸੀ ਪਰ ਜਦੋਂ ਉਸ ਦਾ ਮੁੰਡਾ ਨਸ਼ਾ ਵੇਚਦਾ ਫੜ੍ਹਿਆ ਗਿਆ ਤਾਂ ਹੁਣ ਵਿਚਾਰਾ ਬੁੱਕਲ ਵਿੱਚ ਮੂੰਹ ਦੇਈ ਫਿਰਦਾ ਹੈ।
10. **ਭੰਡੀ ਕਰਨੀ (ਬੁਰਾਈ ਕਰਨੀ)–** ਵੋਟਾਂ ਵੇਲੇ ਸਾਰੇ ਲੀਡਰ ਇੱਕ-ਦੂਜੇ ਦੀ ਭੰਡੀ ਕਰਦੇ ਹਨ। ਪਰ ਬਾਅਦ ਵਿੱਚ ਸਾਰੇ ਇੱਕ ਹੋ ਜਾਂਦੇ ਹਨ ।